## ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਵੱਲੋਂ

# ਐਨ.ਆਰ.ਆਈਜ਼ ਦੇ ਯੋਗਦਾਨ ਲਈ ਨਵੀਂ ਪਾਲਿਸੀ

1) ਐਨ.ਆਰ.ਆਈਜ਼ ਵੱਲੋਂ ਦਿੱਤੇ ਗਏ ਯੋਗਦਾਨ ਨੂੰ ਪੰਚਾਇਤ ਹੀ ਖ਼ਰਚ ਕਰੇਗੀ। ਐਨ.ਆਰ.ਆਈ. ਵੱਲੋਂ ਯੋਗਦਾਨ ਚੈੱਕ/ਡਰਾਫ਼ਟ ਰਾਹੀਂ ਦਿੱਤਾ ਜਾਵੇਗਾ, ਜਿਹੜਾ ਕਿ ਪੰਚਾਇਤ ਦੇ ਬੈਂਕ ਅਕਾਊਂਟ ਵਿੱਚ ਜਮ੍ਹਾਂ ਕਰਵਾਇਆ ਜਾਵੇਗਾ। ਐਨ.ਆਰ.ਆਈ. ਵੱਲੋਂ ਦਾਨ ਕੀਤੀ ਗਈ ਰਕਮ ਉਸ ਮੰਤਵ 'ਤੇ ਖ਼ਰਚ ਕੀਤੀ ਜਾਵੇਗੀ, ਜਿਸ ਵਾਸਤੇ ਇਹ ਦਿੱਤੀ ਗਈ ਹੋਵੇਗੀ। ਇਹ ਰਕਮ ਖ਼ਰਚ ਕਰਨ ਤੋਂ ਬਾਅਦ ਇਸ ਦਾ ਵਰਤੋਂ ਸਰਟੀਫ਼ਿਕੇਟ ਅਤੇ ਖ਼ਰਚੇ ਦਾ ਵਿਸ਼ਲੇਸ਼ਣ ਸਬੰਧਤ ਐਨ.ਆਰ.ਆਈ. ਨੂੰ ਦਿੱਤਾ ਜਾਵੇਗਾ।

2) ਇਹ ਯੋਗਦਾਨ ਘੱਟੋ-ਘੱਟ 50,000/- ਰੁਪਏ ਹੋਵੇਗਾ ਅਤੇ ਐਨ.ਆਰ.ਆਈ. ਆਪਣੀ ਸੁਵਿਧਾ ਅਨੁਸਾਰ ਜਿੰਨੀ ਚਾਹੇ ਵੱਧ ਤੋਂ ਵੱਧ ਰਾਸ਼ੀ ਯੋਗਦਾਨ ਵਜੋਂ ਪਿੰਡ ਦੇ ਇਲਾਕੇ ਦੇ ਵਿਕਾਸ ਲਈ ਦੇ ਸਕਦੇ ਹਨ ਅਤੇ ਇਹ ਹੇਠ ਲਿਖੀਆਂ ਸਕੀਮਾਂ 'ਤੇ ਖ਼ਰਚ ਕੀਤੇ ਜਾ ਸਕਦੇ ਹਨ।

3) ਐਨ.ਆਰ.ਆਈ. ਵੱਲੋਂ ਜਿਸ ਸਕੀਮ 'ਤੇ ਯੋਗਦਾਨ ਦਿੱਤਾ ਜਾਵੇਗਾ, ਉਸ ਉੱਪਰ ਪਾਲਿਸੀ ਅਨੁਸਾਰ ਖ਼ੁਦ ਦਾ ਨਾਮ ਜਾਂ ਪਰਿਵਾਰ ਦੇ ਮੈਂਬਰਾਂ ਦਾ ਨਾਮ ਉਨ੍ਹਾਂ ਦੀ ਇੱਛਾ ਅਨੁਸਾਰ ਲਿਖਿਆ ਜਾਵੇਗਾ।

4) ਐਨ.ਆਰ.ਆਈ. ਵੱਲੋਂ ਦਿੱਤੇ ਯੋਗਦਾਨ ਨਾਲ ਤਿਆਰ ਕਰਨ ਲਈ ਇਮਾਰਤ ਜਾਂ ਸਹੂਲਤ ਲਈ ਜਗ੍ਹਾ ਦਾ ਪ੍ਰਬੰਧ ਪੰਚਾਇਤ ਵੱਲੋਂ ਕੀਤਾ ਜਾਵੇਗਾ।

5) ਐਨ.ਆਰ.ਆਈ. ਵੱਲੋਂ ਉਸਾਰੀ ਗਈ ਇਮਾਰਤ/ ਸਕੀਮ ਦਾ ਜੇਕਰ ਰੱਖ-ਰਖਾਅ ਦਾ ਉਪਬੰਧ ਹੈ ਤਾਂ ਉਸ ਦਾ ਖ਼ਰਚਾ ਵੀ ਐਨ.ਆਰ.ਆਈ. ਵੱਲੋਂ ਹੀ ਕੀਤਾ ਜਾਵੇਗਾ।

**ਸਕੀਮ ਉਪਰੋਕਤ ਸ਼ਰਤਾਂ ਅਨੁਸਾਰ ਹੇਠ ਲਿਖੇ ਪ੍ਰਾਜੈਕਟਾਂ 'ਤੇ ਲਾਗੂ ਹੋਵੇਗੀ:-**

I) **ਪ੍ਰਾਇਮਰੀ ਸਕੂਲ:-** ਐਨ.ਆਰ.ਆਈ. ਵੱਲੋਂ ਪਿੰਡ ਵਿੱਚ ਜੇਕਰ ਪ੍ਰਾਇਮਰੀ ਸਕੂਲ ਦੀ ਉਸਾਰੀ ਕਰਵਾਉਣੀ ਹੋਵੇ ਤਾਂ ਉਸ ਵੱਲੋਂ ਪੰਚਾਇਤ ਨੂੰ 16.00 ਲੱਖ ਰੁਪਏ ਦੀ ਰਕਮ ਦਿੱਤੀ ਜਾਵੇਗੀ। ਇਸ ਸਕੂਲ ਵਿੱਚ ਘੱਟੋ-ਘੱਟ 4 ਕਮਰੇ (20'×15' ਪ੍ਰਤੀ ਕਮਰਾ ਦੇ ਰਕਬੇ) ਹੋਣਗੇ ਅਤੇ ਜੇਕਰ ਐਨ.ਆਰ.ਆਈ. ਚਾਹੇਗਾ ਤਾਂ ਸਕੂਲ ਦਾ ਨਾਮ ਉਸ ਦੀ ਇੱਛਾ ਅਨੁਸਾਰ ਰੱਖ ਦਿੱਤਾ ਜਾਵੇਗਾ। ਦਾਨੀ ਐਨ.ਆਰ.ਆਈ. ਨੂੰ ਇਸ ਸਕੂਲ ਦੀ ਘੱਟੋ-ਘੱਟ 5 ਸਾਲ ਦੀ ਮੇਨਟੇਨਸ ਲਈ ਉਕਤ ਰਾਸ਼ੀ ਦਾ 10% ਵਾਧੂ ਯੋਗਦਾਨ ਪੰਚਾਇਤ ਨੂੰ ਦੇਣਾ ਹੋਵੇਗਾ।

ਜੇਕਰ ਐਨ.ਆਰ.ਆਈ. ਸਕੂਲ ਵਿੱਚ ਕਮਰਾ ਬਣਾਉਣ ਲਈ ਯੋਗਦਾਨ ਪਾਉਣਾ ਚਾਹੁੰਦਾ ਹੋਵੇਗਾ ਤਾਂ ਉਸ ਨੂੰ 4.00 ਲੱਖ ਰੁਪਏ ਪ੍ਰਤੀ ਕਮਰੇ ਦੇ ਹਿਸਾਬ ਨਾਲ ਬਣਦੀ ਰਾਸ਼ੀ ਪੰਚਾਇਤ ਨੂੰ ਦੇਣੀ ਹੋਵੇਗੀ ਅਤੇ ਇਸ ਕਮਰੇ ਉੱਤੇ ਨਾਮ ਦਾ ਪੱਥਰ ਐਨ.ਆਰ.ਆਈ. ਦੀ ਇੱਛਾ ਅਨੁਸਾਰ ਲਗਾ ਦਿੱਤਾ ਜਾਵੇਗਾ।

ਜੇਕਰ ਐਨ.ਆਰ.ਆਈ. ਸਕੂਲ ਵਿੱਚ ਪੱਖੇ/ਪੀਣ ਦੇ ਪਾਣੀ, ਖੇਡਾਂ ਨੂੰ ਉਤਸ਼ਾਹਿਤ ਕਰਨ ਲਈ, ਫਰਨੀਚਰ, ਕਿਤਾਬਾਂ, ਵਰਦੀਆਂ, ਵਜ਼ੀਫ਼ਾ ਆਦਿ ਲਈ ਯੋਗਦਾਨ ਪਾਉਣਾ ਚਾਹੁੰਦਾ ਹੈ ਤਾਂ ਉਸ ਵੱਲੋਂ ਗਰਾਮ ਪੰਚਾਇਤ ਨੂੰ ਘੱਟੋ-ਘੱਟ 50,000 ਰੁਪਏ ਦਾ ਯੋਗਦਾਨ ਪਾਇਆ ਜਾ ਸਕਦਾ ਹੈ।

II) **ਸਬਸਿਡਰੀ ਹੈਲਥ ਸੈਂਟਰ:-** ਇਸ ਪ੍ਰਾਜੈਕਟ ਲਈ ਐਨ.ਆਰ.ਆਈ. ਨੂੰ 15.00 ਲੱਖ ਰੁਪਏ ਦੀ ਰਕਮ ਦੇਣੀ ਹੋਵੇਗੀ, ਜਿਸ ਨਾਲ ਨਵੀਂ ਸਿਵਲ ਡਿਸਪੈਂਸਰੀ/ਸਬਸਿਡਰੀ ਹੈਲਥ ਸੈਂਟਰ ਦੀ ਉਸਾਰੀ ਕੀਤੀ ਜਾਵੇਗੀ ਅਤੇ ਉਸ ਦਾ ਨਾਮ ਉਸ ਦੀ ਇੱਛਾ ਅਨੁਸਾਰ ਰੱਖ ਦਿੱਤਾ ਜਾਵੇਗਾ। ਦਾਨੀ ਐਨ.ਆਰ.ਆਈ. ਨੂੰ ਇਸ ਸਿਵਲ ਡਿਸਪੈਂਸਰੀ/ ਸਬਸਿਡਰੀ ਹੈਲਥ ਸੈਂਟਰ ਦੀ ਘੱਟੋ-ਘੱਟ 5 ਸਾਲ ਦੀ ਮੇਨਟੇਨੈਂਸ ਲਈ ਉਕਤ ਰਾਸ਼ੀ ਦਾ 10% ਵਾਧੂ ਯੋਗਦਾਨ ਪੰਚਾਇਤ ਨੂੰ ਦੇਣਾ ਹੋਵੇਗਾ।

ਜੇਕਰ ਐਨ.ਆਰ.ਆਈ. ਡਿਸਪੈਂਸਰੀ ਵਿੱਚ ਇੱਕ ਕਮਰਾ ਬਣਾਉਣ ਲਈ ਯੋਗਦਾਨ ਪਾਉਣ ਦਾ ਇੱਛੁਕ ਹੋਵੇਗਾ ਤਾਂ ਉਸ ਨੂੰ ਘੱਟੋ-ਘੱਟ 2.00 ਲੱਖ ਰੁਪਏ ਰਕਮ ਪੰਚਾਇਤ ਨੂੰ ਦੇਣੀ ਹੋਵੇਗੀ ਅਤੇ ਇਸ ਕਮਰੇ ਉੱਤੇ ਨਾਮ ਦਾ ਪੱਥਰ ਐਨ.ਆਰ.ਆਈ. ਦੀ ਇੱਛਾ ਅਨੁਸਾਰ ਲਗਾ ਦਿੱਤਾ ਜਾਵੇਗਾ।

III) **ਵੈਟਰਨਰੀ ਡਿਸਪੈਂਸਰੀ:-** ਇਸ ਪ੍ਰਾਜੈਕਟ ਲਈ ਐਨ.ਆਰ.ਆਈ. ਨੂੰ 15.00 ਲੱਖ ਰੁਪਏ ਦੀ ਰਕਮ ਦੇਣੀ ਹੋਵੇਗੀ, ਜਿਸ ਨਾਲ ਨਵੀਂ ਵੈਟਰਨਰੀ ਡਿਸਪੈਂਸਰੀ ਦੀ ਉਸਾਰੀ ਕੀਤੀ ਜਾਵੇਗੀ ਅਤੇ ਉਸ ਦਾ ਨਾਮ ਉਸ ਦੀ ਇੱਛਾ ਅਨੁਸਾਰ ਰੱਖ ਦਿੱਤਾ ਜਾਵੇਗਾ। ਦਾਨੀ ਐਨ.ਆਰ.ਆਈ. ਨੂੰ ਇਸ ਵੈਟਰਨਰੀ ਡਿਸਪੈਂਸਰੀ ਦੀ ਘੱਟੋ-ਘੱਟ 5 ਸਾਲ ਦੀ ਮੇਨਟੇਨੈਂਸ ਲਈ ਉਕਤ ਰਾਸ਼ੀ ਦਾ 10% ਵਾਧੂ ਯੋਗਦਾਨ ਪੰਚਾਇਤ ਨੂੰ ਦੇਣਾ ਹੋਵੇਗਾ। ਜੇਕਰ ਵੈਟਰਨਰੀ ਡਿਸਪੈਂਸਰੀ ਵਿੱਚ ਇੱਕ ਕਮਰਾ ਬਣਾਉਣ ਲਈ ਯੋਗਦਾਨ ਪਾਉਣਾ ਹੋਵੇਗਾ ਤਾਂ ਉਸ ਨੂੰ ਘੱਟੋ-ਘੱਟ 2.00 ਲੱਖ ਰੁਪਏ ਦੀ ਰਕਮ ਪੰਚਾਇਤ ਨੂੰ ਦੇਣੀ ਹੋਵੇਗੀ ਅਤੇ ਇਸ ਕਮਰੇ ਉੱਤੇ ਨਾਮ ਦਾ ਪੱਥਰ ਐਨ.ਆਰ.ਆਈ. ਦੀ ਇੱਛਾ ਅਨੁਸਾਰ ਲੱਗਾ ਦਿੱਤਾ ਜਾਵੇਗਾ।

## ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਵੱਲੋਂ

# ਐਨ.ਆਰ.ਆਈਜ਼ ਦੇ ਯੋਗਦਾਨ ਲਈ ਨਵੀਂ ਪਾਲਿਸੀ

IV) **ਸ਼ਮਸ਼ਾਨ ਘਾਟ:-** ਸ਼ਮਸ਼ਾਨ ਘਾਟ ਦੀ ਉਸਾਰੀ ਲਈ ਐਨ.ਆਰ.ਆਈ. ਵੱਲੋਂ 1.50 ਲੱਖ ਰੁਪਏ ਦੀ ਰਕਮ ਕ੍ਰੀਮੇਸ਼ਨ ਸ਼ੈੱਡ ਲਈ, 2.00 ਲੱਖ ਰੁਪਏ ਦੀ ਰਕਮ ਵੇਟਿੰਗ ਸ਼ੈੱਡ ਅਤੇ 800 ਰੁਪਏ ਪ੍ਰਤੀ ਫੁੱਟ ਦੇ ਹਿਸਾਬ ਨਾਲ ਚਾਰ ਦਿਵਾਰੀ ਲਈ ਯੋਗਦਾਨ ਪਾਉਣਾ ਹੋਵੇਗਾ ਅਤੇ ਇਸ ਦੇ ਰੱਖ ਰਖਾਅ ਅਤੇ ਮੁਰੰਮਤ ਲਈ ਉਸ ਵੱਲੋਂ ਘੱਟੋ-ਘੱਟ ਯੋਗਦਾਨ 50,000/- ਰੁਪਏ ਪਾਇਆ ਜਾਵੇਗਾ ਅਤੇ ਯੋਗਦਾਨ ਦੇ ਨਾਲ ਕੀਤੀ ਗਈ ਉਸਾਰੀ 'ਤੇ ਉਸ ਦੀ ਇੱਛਾ ਅਨੁਸਾਰ ਨਾਮ ਰੱਖ ਦਿੱਤਾ ਜਾਵੇਗਾ।

V) **ਪਾਰਕ:-** ਪਿੰਡਾਂ ਵਿੱਚ ਪਾਰਕ ਬਣਾਉਣ ਲਈ ਐਨ.ਆਰ.ਆਈ. ਵੱਲੋਂ ਘੱਟੋ-ਘੱਟ 2.50 ਲੱਖ ਰੁਪਏ ਪ੍ਰਤੀ ਕਨਾਲ ਰਕਬੇ ਲਈ ਰਾਸ਼ੀ ਦਾ ਯੋਗਦਾਨ ਪਾਉਣਾ ਹੋਵੇਗਾ ਅਤੇ ਉਸ ਦੀ ਇੱਛਾ ਅਨੁਸਾਰ ਨਾਮ ਰੱਖ ਦਿੱਤਾ ਜਾਵੇਗਾ।

VI) **ਪੰਚਾਇਤ ਘਰ:-** ਪਿੰਡਾਂ ਵਿੱਚ ਪੰਚਾਇਤ ਘਰ ਬਣਾਉਣ ਲਈ ਐਨ.ਆਰ.ਆਈ. ਵੱਲੋਂ 12.00 ਲੱਖ ਰੁਪਏ ਦਾ ਯੋਗਦਾਨ ਪਾਉਣਾ ਹੋਵੇਗਾ ਅਤੇ ਉਸ ਦੀ ਇੱਛਾ ਅਨੁਸਾਰ ਨਾਮ ਰੱਖ ਦਿੱਤਾ ਜਾਵੇਗਾ।

VII) **ਕਮਿਊਨਿਟੀ ਸੈਂਟਰ:-** 100 ਲੋਕਾਂ ਦੇ ਸਮਾਰੋਹ ਲਈ ਕਮਿਊਨਿਟੀ ਸੈਂਟਰ ਦੀ ਉਸਾਰੀ ਲਈ 30.00 ਲੱਖ ਰੁਪਏ ਦੀ ਰਕਮ ਅਤੇ 300 ਲੋਕਾਂ ਦੇ ਸਮਾਰੋਹ ਲਈ ਕਮਿਊਨਿਟੀ ਸੈਂਟਰ ਦੀ ਉਸਾਰੀ ਲਈ 55.00 ਲੱਖ ਰੁਪਏ ਦੀ ਰਕਮ ਦਾ ਯੋਗਦਾਨ ਪਾਉਣਾ ਹੋਵੇਗਾ ਅਤੇ ਉਸ ਦੀ ਇੱਛਾ ਅਨੁਸਾਰ ਨਾਮ ਰੱਖ ਦਿੱਤਾ ਜਾਵੇਗਾ।

VIII) **ਜਿੰਮ ਲਈ ਕਮਰਾ ਅਤੇ ਸਾਮਾਨ:-** ਜਿੰਮ ਦੇ ਕਮਰੇ (ਘੱਟੋ-ਘੱਟ 300 ਵਰਗ ਫੁੱਟ ਰਕਬਾ) ਅਤੇ ਸਾਮਾਨ (ਘੱਟੋ-ਘੱਟ 50,000 ਰੁਪਏ) ਦੇ ਲਈ 4.00 ਲੱਖ ਰੁਪਏ ਦੀ ਰਕਮ ਦਾ ਯੋਗਦਾਨ ਪਾਉਣਾ ਹੋਵੇਗਾ ਅਤੇ ਜੇਕਰ ਪਿੰਡ ਵਿੱਚ ਕਮਰਾ ਉਪਲਬਧ ਹੋਵੇ ਤਾਂ ਜਿੰਮ ਦੇ ਸਾਮਾਨ ਲਈ ਘੱਟੋ-ਘੱਟ ਯੋਗਦਾਨ 50,000/- ਰੁਪਏ ਪਾਇਆ ਜਾਵੇਗਾ ਅਤੇ ਉਸ ਦੀ ਇੱਛਾ ਅਨੁਸਾਰ ਨਾਮ ਰੱਖ ਦਿੱਤਾ ਜਾਵੇਗਾ।

IX) **ਆਂਗਨਵਾੜੀ ਸੈਂਟਰ :-** ਪਿੰਡਾਂ ਵਿੱਚ ਆਂਗਨਵਾੜੀ ਸੈਂਟਰ ਬਣਾਉਣ ਲਈ ਐਨ.ਆਰ.ਆਈ. ਵੱਲੋਂ 5.00 ਲੱਖ ਰੁਪਏ ਦੀ ਰਕਮ ਦਾ ਯੋਗਦਾਨ ਪਾਉਣਾ ਹੋਵੇਗਾ ਅਤੇ ਉਸ ਦੀ ਇੱਛਾ ਅਨੁਸਾਰ ਨਾਮ ਰੱਖ ਦਿੱਤਾ ਜਾਵੇਗਾ।

X) **ਗਲੀਆਂ ਨਾਲੀਆਂ ਅਤੇ ਗੰਦੇ ਪਾਣੀ ਦਾ ਨਿਕਾਸ:-** ਪੰਜਾਬ ਸਰਕਾਰ ਦੀ ਪਾਲਿਸੀ ਅਨੁਸਾਰ ਪਿੰਡਾਂ ਵਿੱਚ ਕੰਕਰੀਟ ਦੀਆਂ ਗਲੀਆਂ ਬਣਾਈਆਂ ਜਾਣੀਆਂ ਹਨ ਅਤੇ ਗੰਦੇ ਪਾਣੀ ਦੇ ਨਿਕਾਸ ਲਈ ਸਮਾਲ ਬੋਰ, ਸੀਵਰੇਜ ਸਿਸਟਮ ਪਾਇਆ ਜਾਣਾ ਹੈ। ਕੰਕਰੀਟ ਦੀ ਗਲੀ ਬਣਾਉਣ ਲਈ ਐਨ.ਆਰ.ਆਈ. ਨੂੰ ਪ੍ਰਤੀ ਵਰਗ ਫੁੱਟ 80 ਰੁਪਏ ਦਾ ਯੋਗਦਾਨ ਪਾਉਣਾ ਹੋਵੇਗਾ ਅਤੇ ਪੰਚਾਇਤ ਵਿਭਾਗ ਦੀ ਤਕਨੀਕੀ ਸੇਧ ਹੇਠ ਇਹ ਕੰਮ ਕਰਵਾਏਗੀ। ਸਮਾਲ ਬੋਰ, ਸੀਵਰੇਜ ਪਾਉਣ ਲਈ ਲਗਭਗ 8 ਤੋਂ 10 ਹਜ਼ਾਰ ਰੁਪਏ ਪ੍ਰਤੀ ਕੈਪੀਟਾ ਰਾਸ਼ੀ ਲੋੜੀਂਦੀ ਹੁੰਦੀ ਹੈ ਜੋ ਕਿ ਪਿੰਡ ਦੀ ਆਬਾਦੀ ਅਤੇ ਟੌਪੋਗ੍ਰਾਫੀ 'ਤੇ ਆਧਾਰਿਤ ਹੁੰਦੀ ਹੈ। ਜੇਕਰ ਐਨ.ਆਰ.ਆਈ. ਪਿੰਡ ਵਿੱਚ ਸੀਵਰੇਜ ਪਵਾਉਣ ਲਈ ਇੱਛੁਕ ਹੋਵੇਗਾ ਤਾਂ ਇਸ ਦਾ ਪੂਰਵ ਅਨੁਮਾਨ ਵਿਭਾਗ ਦੇ ਤਕਨੀਕੀ ਅਦਾਰੇ ਤੋਂ ਲਗਵਾ ਕੇ ਲੋੜੀਂਦੀ ਰਾਸ਼ੀ ਪੰਚਾਇਤ ਵਿੱਚ ਜਮ੍ਹਾਂ ਕਰਵਾਏਗਾ ਅਤੇ ਜਿਸ ਗਲੀ ਨਾਲੀ ਲਈ ਐਨ.ਆਰ.ਆਈ. ਵੱਲੋਂ ਯੋਗਦਾਨ ਪਾਇਆ ਜਾਵੇਗਾ ਉਸ ਗਲੀ ਦਾ ਪੱਥਰ 'ਤੇ ਨਾਮ ਉਸ ਦੀ ਇੱਛਾ ਅਨੁਸਾਰ ਰੱਖ ਦਿੱਤਾ ਜਾਵੇਗਾ।

XI) **ਸਟੇਡੀਅਮ ਦੀ ਉਸਾਰੀ:-** ਪਿੰਡਾਂ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਸਟੇਡੀਅਮ ਦੀ ਉਸਾਰੀ ਕਰਵਾਈ ਜਾ ਸਕਦੀ ਅਤੇ ਸਟੇਡੀਅਮ ਦੀ ਉਸਾਰੀ ਲਈ ਐਨ.ਆਰ.ਆਈ. ਵੱਲੋਂ 30.00 ਲੱਖ ਰੁਪਏ ਪੈਵਿਲੀਅਨ ਲਈ ਅਤੇ 3,000 ਰੁਪਏ ਪ੍ਰਤੀ ਫੁੱਟ ਦੇ ਹਿਸਾਬ ਨਾਲ ਸੀਟਿੰਗ ਟਾਇਰ ਲਈ ਦਾ ਯੋਗਦਾਨ ਪਾਉਣਾ ਜ਼ਰੂਰੀ ਹੋਵੇਗਾ। ਜਿਹੜਾ ਐਨ.ਆਰ.ਆਈ. ਪੂਰੇ ਸਟੇਡੀਅਮ ਦੀ ਉਸਾਰੀ ਕਰਵਾਏਗਾ ਤਾਂ ਸਟੇਡੀਅਮ ਦਾ ਨਾਮ ਉਸ ਦੀ ਇੱਛਾ ਅਨੁਸਾਰ ਰੱਖ ਦਿੱਤਾ ਜਾਵੇਗਾ।

XII) **ਲਾਇਬਰੇਰੀ:-** ਪਿੰਡ ਵਿੱਚ ਲਾਇਬਰੇਰੀ ਲਈ ਕਮਰੇ (ਲਗਭਗ 500 ਵਰਗ ਫੁੱਟ) ਦੀ ਉਸਾਰੀ ਲਈ 5.00 ਲੱਖ ਰੁਪਏ ਅਤੇ ਕਿਤਾਬਾਂ ਦੇ ਲਈ ਘੱਟੋ-ਘੱਟ 50,000 ਰੁਪਏ ਦੀ ਰਕਮ ਯੋਗਦਾਨ ਵਜੋਂ ਪਾਉਣੀ ਹੋਵੇਗੀ ਅਤੇ ਹਰ ਸਾਲ 50,000/- ਰੁਪਏ ਰਕਮ ਤਨਖਾਹ ਵਜੋਂ ਐਨ.ਆਰ.ਆਈ. ਨੂੰ ਦੇਣੀ ਪਵੇਗੀ ਤਾਂ ਕਿ ਐਨ.ਆਰ.ਆਈ. ਵੱਲੋਂ ਦਿੱਤੀਆਂ ਗਈਆਂ ਅਖ਼ਬਾਰਾਂ, ਕਿਤਾਬਾਂ ਅਤੇ ਹੋਰ ਮੈਗਜ਼ੀਨਾਂ ਦੀ ਸਾਂਭ-ਸੰਭਾਲ ਲਈ ਲਾਇਬਰੇਰੀ ਨੂੰ ਚਲਾਉਣ ਲਈ ਪਿੰਡ ਦਾ ਕੋਈ ਵਿਅਕਤੀ ਰੱਖਿਆ ਜਾਵੇਗਾ।

ਉਕਤ ਅਨੁਮਾਨਤ ਲਾਗਤਾਂ ਮੌਜੂਦਾ ਕੀਮਤਾਂ ਅਨੁਸਾਰ ਨਿਰਧਾਰਤ ਕੀਤੀਆਂ ਗਈਆਂ ਹਨ। ਕੀਮਤਾਂ ਵਿੱਚ ਵਾਧਾ ਹੋਣ 'ਤੇ ਉਕਤ ਲਾਗਤਾਂ ਵਿੱਚ ਲੋੜੀਂਦੀ ਸੋਧ ਸਮੇਂ-ਸਮੇਂ ਅਨੁਸਾਰ ਕੀਤੀ ਜਾਵੇਗੀ।

•••